# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

# ਪ੍ਰੈਸ ਨੋਟ

ਚੰਡੀਗੜ੍ਹ, 21 ਜੁਲਾਈ :- ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਮੀਨੋਰਟੀਜ਼ ਫਾਇਨਾਸ ਅਤੇ ਵਿਕਾਸ ਕਾਰਪੋਰੇਸ਼ਨ ਚੰਡੀਗੜ੍ਹ ਨੇ ਅੱਜ ਆਸ਼ਾ ਕਿਰਨ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਸੈਕਟਰ 46 ਡੀ ਵਿਚ 'ਸਰਟੀਫਿਕੇਟ ਵੰਡ ਸਮਾਰੋਹ' ਦਾ ਆਯੋਜਨ ਕੀਤਾ। ਸਮਾਜ਼ ਭਲਾਈ ਡਾਇਰੈਕਟਰ ਸ਼੍ਰੀ ਸਮਵਰਤਕ ਸਿੰਘ ਇਸ ਸਮਾਰੋਹ ਵਿਚ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਾਮਲ ਹੋਏ। ਕਾਰਪੋਰੇਸ਼ਨ ਦੁਆਰਾ ਆਸ਼ਾ ਕਿਰਨ ਸੈਕਟਰ 46 ਅਤੇ ਇੰਮਪਾਵਰਮੈਂਟ ਸੈਂਟਰ ਸੈਕਟਰ 19 ਚੰਡੀਗੜ੍ਹ ਵਿਚ ਚਲਾਏ ਜਾ ਰਹੇ ਕੋਰਸਾਂ ਨੂੰ ਸਫਲਤਾਪੂਰਵਕ ਪੂਰਾ ਕਰਨ ਤੇ 68 ਵਿਦਿਆਰਥੀਆਂ ਨੂੰ ਟਰੇਡ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਲਾਭਭੋਗੀਆਂ ਨੂੰ ਵਜੀਫੇ ਦੇ ਚੈੱਕ ਵੀ ਵੰਡੇ ਗਏ।

ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਮੀਨੋਰਟੀਜ਼ ਫਾਇਨਾਸ ਅਤੇ ਵਿਕਾਸ ਕਾਰਪੋਰੇਸ਼ਨ ਚੰਡੀਗੜ੍ਹ ਦੁਆਰਾ ਭਿੰਨ ਭਿੰਨ ਟਰੇਡਾਂ ਜਿਵੇਂ ਕੰਪਿਊਟਰ ਸਾਫਟਵੇਅਰ ਕੋਰਸ, ਕਟਿੰਗ ਅਤੇ ਟੇਲਰਿੰਗ, ਡਰੈੱਸ ਡਿਜ਼ਾਇਨਿੰਗ ਅਤੇ ਬਿਊਟੀ ਕਲਚਰ ਵਿਚ ਵੋਕੇਸ਼ਨਲ ਟ੍ਰੇਨਿੰਗ ਪ੍ਰਦਾਨ ਕੀਤੀ ਰਹੀ ਹੈ। ਟ੍ਰੇਨਿੰਗ ਬਿਨਾਂ ਕਿਸੇ ਲਾਗਤ ਦੇ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਲਾਭਭੋਗੀਆਂ ਨੂੰ ਵਜੀਫੇ ਵੀ ਦਿੱਤੇ ਜਾਂਦੇ ਹਨ। ਭਿੰਨ ਭਿੰਨ ਕੋਰਸਾਂ ਦੀ ਸਮਾਂ ਅਵਧੀ ਚਾਰ ਮਹੀਨੇ ਤੋਂ ਵੱਧ ਕੇ ਇੱਕ ਸਾਲ ਹੋ ਗਈ ਹੈ।

ਸਮਾਰੋਹ ਦੌਰਾਨ ਸ਼੍ਰੀ ਸਮਵਰਤਕ ਸਿੰਘ ਨੇ ਕਿਹਾ ਕਿ ਅਜਿਹੇ ਸਮਾਰੋਹ ਆਯੋਜਤ ਕਰਨ ਦਾ ਮੁੱਖ ਮੰਤਵ ਟਰੇਡ ਸਰਟੀਫਿਕੇਟ ਪ੍ਰਦਾਨ ਕਰਨਾ ਹੈ ਅਤੇ ਕਾਰਪੋਰੇਸ਼ਨ ਦੁਆਰਾ ਚਲਾਈਆਂ ਜਾ ਰਹੀਆਂ ਵਿੱਤ ਸਕੀਮਾਂ ਦੇ ਬਾਰੇ ਵਿਚ ਲਾਭ ਭੋਗੀਆਂ ਨੂੰ ਜਾਣਕਾਰੀ ਦੇਣਾ ਹੈ। ਇਹਨਾਂ ਸਕੀਮਾਂ ਅਧੀਨ ਪ੍ਰਦਾਨ ਕੀਤੀ ਜਾਣ ਵਾਲੀ ਵਿੱਤੀ ਸਹਾਇਤਾ ਨਾਲ ਉਹ ਆਪਣਾ ਕਾਰੋਬਾਰ ਚਲਾ ਸਕਦੇ ਹਨ ਜਿਸ ਉਤੇ ਵਿਆਜ਼ ਦੀ ਦਰ ਸਲਾਨਾ 3 ਪ੍ਰਤੀਸ਼ਤ ਤੋਂ 6 ਪ੍ਰਤੀਸ਼ਤ ਹੁੰਦੀ ਹੈ ਅਤੇ ਉਹ ਇਸ ਨੂੰ 36 ਮਹੀਨਿਆਂ ਤੋਂ 60 ਮਹੀਨਿਆਂ ਤੱਕ ਦੇ ਸਮੇਂ ਅੰਦਰ ਵਾਪਸ ਕਰ ਸਕਦੇ ਹਨ। ਮਨਿਸਟਰੀ ਆਫ ਸੋਸ਼ਲ ਜਸਟਿਸ ਅਤੇ ਇੰਮਪਾਵਰਮੈਂਟ ਨਵੀਂ ਦਿੱਲੀ ਦੇ ਨਿਯਮਾਂ ਅਨੁਸਾਰ ਕਰਜ਼ ਦੀ ਰਾਸ਼ੀ ਤੇ ਸਬਸਿਡੀ ਵੀ ਪ੍ਰਦਾਨ ਕੀਤੀ ਜਾਵੇਗੀ। ਸ਼੍ਰੀ ਸਿੰਘ ਨੇ ਕਿਹਾ ਕਿ ਕਰਜ਼ ਲੈਣ ਦੀ ਪ੍ਰਕਿਰਿਆ ਆਸਾਨ ਹੈ ਅਤੇ 25000 ਤੱਕ ਦਾ ਕਰਜ਼ ਲੈਣ ਲਈ ਸਰਕਾਰੀ ਕਰਮਚਾਰੀ ਦੀ ਜਮਾਨਤ ਦੇਣ ਦੀ ਜਰੂਰਤ ਨਹੀਂ ਹੋਵੇਗੀ ਅਤੇ ਤੀਸਰੀ ਪਾਰਟੀ ਦੁਆਰਾ ਭਰੀ ਆਈ.ਟੀ.ਆਰ ਦੀ ਕਾਪੀ ਵੀ ਮਨਜੂਰ ਕੀਤੀ ਜਾ ਸਕਦੀ ਹੈ।